**ਪੰਜਾਬ ਸਰਕਾਰ**
**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**
**(ਸਮਾਜਿਕ ਸੁਰੱਖਿਆ ਸ਼ਾਖਾ)**

**ਅਧਿਸੂਚਨਾ**

ਨੰ:3/4/2015-2ਇਬ/ 1804 ਮਿਤੀ, ਚੰਡੀਗੜ੍ਹ:03 .06.2021

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ.3/4/2015-2ਇਬ/1064904/1-14, ਮਿਤੀ 14.09.2017 ਵਿੱਚ ਸੋਧ ਕਰਦੇ ਹੋਏ ਬੁਢਾਪਾ ਪੈਨਸ਼ਨ, ਵਿਧਵਾ ਅਤੇ ਬੇਘਰ ਨਿਆਸ਼ਰਿਤ ਇਸਤਰੀਆਂ, ਅਪੰਗ ਵਿਅਕਤੀਆਂ ਲਈ ਮਾਲੀ ਸਹਾਇਤਾ ਦੀ ਗਰਾਂਟ ਨਿਯਮਾਂਵਲੀ, 1996 ਦੇ ਨਿਯਮ 4 ਅਤੇ ਆਸ਼ਰਿਤ ਬੱਚਿਆਂ ਲਈ ਮਾਲੀ ਸਹਾਇਤਾ ਦੀ ਗਰਾਂਟ ਨਿਯਮਾਂਵਲੀ, 1996 ਦੇ ਨਿਯਮ 5 ਅਧੀਨ, ਮਿਤੀ 01 ਜੁਲਾਈ, 2021 ਤੋਂ ਪੈਨਸ਼ਨ ਅਤੇ ਵਿੱਤੀ ਸਹਾਇਤਾ ਦੀ ਦਰ 750/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 1500/- ਰੁਪਏ ਪ੍ਰਤੀ ਮਹੀਨਾ, ਪ੍ਰਤੀ ਲਾਭਪਾਤਰੀ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ, ਚੰਡੀਗੜ੍ਹ
28.05.2021

**ਰਾਜੀ ਪੀ. ਸ਼੍ਰੀਵਾਸਤਵਾ, ਆਈ.ਏ.ਐਸ,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ**
**ਬਾਲ ਵਿਕਾਸ ਵਿਭਾਗ।**

ਪਿੱਠ ਅੰਕਣ ਨੰ: 3/4/2015-2ਇਬ/ 1806-1817 ਮਿਤੀ, ਚੰਡੀਗੜ੍ਹ:03 .06.2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਖਰਚਾ-6 ਸ਼ਾਖਾ), ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਚੰਡੀਗੜ੍ਹ।
5. ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।
7. ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ।
8. ਡਾਇਰੈਕਟਰ ਗਵਰਨੈਂਸ ਰਿਫਾਰਮਜ਼ ਵਿਭਾਗ, ਪੰਜਾਬ, ਚੰਡੀਗੜ੍ਹ।
9. ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ ਰਾਜ।
10. ਸਮੂਹ ਸੀਨੀਅਰ ਸੁਪਰਡੰਟ ਆਫ ਪੁਲਿਸ, ਪੰਜਾਬ ਰਾਜ।
11. ਸਮੂਹ ਉਪ ਮੰਡਲ ਮੈਜਿਸਟਰੇਟ, ਪੰਜਾਬ ਰਾਜ।
12. ਸਮੂਹ ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਪੰਜਾਬ ਰਾਜ।
13. ਸਮੂਹ ਜਿਲ੍ਹਾ ਪ੍ਰੋਗਰਾਮ ਅਫ਼ਸਰ, ਪੰਜਾਬ ਰਾਜ।
14. ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ, ਪੰਜਾਬ ਰਾਜ।

ਨਰਿੰਦਰ ਕੌਰ
**(ਨਰਿੰਦਰ ਕੌਰ)**
**ਅਧੀਨ ਸਕੱਤਰ**
ਗੁਰਿੰਦਰ

ਪਿੱਠ ਅੰਕਣ ਨੰ: 3/4/2015-2ਇਬ/ 1818 ਮਿਤੀ, ਚੰਡੀਗੜ੍ਹ: 03.06.2021

ਉਪਰੋਕਤ ਦਾ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਧਾਰਨ ਗਜਟ ਵਿੱਚ ਛਾਪਣ ਉਪਰੰਤ ਗਜਟ ਵਿੱਚ ਛਪੀ ਹੋਈ ਅਧਿਸੂਚਨਾ ਦੀਆਂ 250 ਕਾਪੀਆਂ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਨਰਿੰਦਰ ਕੌਰ
**(ਨਰਿੰਦਰ ਕੌਰ)**
**ਅਧੀਨ ਸਕੱਤਰ**
ਗੁਰਿੰਦਰ